



# ਕੈਲਗਰੀ 9-1-1

## ਐਮਰਜੈਂਸੀ ਕਾਲਾਂ


**9-1-1 ਸਿਰਫ਼ ਐਮਰਜੈਂਸੀਆਂ ਲਈ ਹੈ।**

ਜੇਕਰ ਤੁਹਾਨੂੰ ਪੁਲਿਸ, ਫਾਇਰ ਜਾਂ ਐਂਬੂਲੈਂਸ ਤੋਂ ਫੌਰੀ ਸਹਾਇਤਾ ਦੀ ਲੋੜ ਹੈ ਤਾਂ 9-1-1 'ਤੇ ਕਾਲ ਕਰੋ।


### 9-1-1 'ਤੇ ਕਦੋਂ ਕਾਲ ਕਰਨੀ ਹੈ, ਇਸ ਦੇ ਉਦਾਹਰਣ:




ਤੁਹਾਨੂੰ ਜਾਂ ਕਿਸੇ ਹੋਰ ਨੂੰ **ਜੀਵਨ ਲਈ ਖਤਰਾ ਹੋਣ ਵਾਲੀ ਐਮਰਜੈਂਸੀ** ਹੈ, ਜਿਸ ਲਈ ਐਂਬੂਲੈਂਸ ਦੀ ਲੋੜ ਹੈ ਜਿਵੇਂ ਕਿ ਛਾਤੀ ਵਿੱਚ ਦਰਦ, ਗੰਭੀਰ ਖੂਨ ਵਹਿਣਾ ਜਾਂ ਸਾਹ ਲੈਣ ਵਿੱਚ ਮੁਸ਼ਕਲ




ਤੁਸੀਂ **ਅੱਗ** ਦੇਖਦੇ ਹੋ, **ਧੂੰਆਂ ਸੁੰਘਦੇ ਹੋ** ਜਾਂ ਤੁਹਾਡਾ **ਕਾਰਬਨ ਮੋਨੋਆਕਸਾਈਡ ਅਲਾਰਮ ਵੱਜਣ ਲਗਦਾ ਹੈ।**




ਤੁਸੀਂ ਇੱਕ **ਅਪਰਾਧ ਹੁੰਦਾ ਹੋਇਆ** ਦੇਖਦੇ ਹੋ, ਜਿਵੇਂ ਕਿ ਤਾਲਾ ਤੋੜਕੇ ਅੰਦਰ ਦਾਖਲ ਹੋਣਾ, ਜਾਣਬੁੱਝ ਕੇ ਸਮਾਨ ਦਾ ਨੁਕਾਸਨ ਕਰਨਾ, ਅਗਵਾ ਕੀਤੇ ਜਾਣਾ ਜਾਂ ਹਮਲਾ।



ਤੁਸੀਂ ਜਾਂ ਕੋਈ ਹੋਰ ਵਿਅਕਤੀ **ਮੋਟਰ ਗੱਡੀ ਦੀ ਟੱਕਰ ਵਿੱਚ ਜ਼ਖਮੀ ਹੋ ਗਿਆ ਹੈ।**



ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਦੇਖਦੇ ਹੋ ਜੋ **ਖਤਰਨਾਕ ਢੰਗ ਨਾਲ ਗੱਡੀ ਚਲਾ ਰਿਹਾ ਹੈ।**



ਤੁਸੀਂ **ਬਿਜਲੀ ਦੀ ਗਿਰੀ ਹੋਈ ਤਾਰ** ਦੇਖਦੇ ਹੋ, **ਗੈਸ ਸੁੰਘਦੇ ਹੋ**, ਜਾਂ **ਖਤਰਨਾਕ ਸਮੱਗਰੀ ਡੁੱਲ੍ਹੀ ਹੋਈ ਹੈ, ਪ੍ਰਦੂਸ਼ਣ** ਜਾਂ **ਜ਼ਹਿਰ ਦਾ ਅਸਰ** ਹੈ।

**ਜੇਕਰ ਤੁਸੀਂ ਗਲਤੀ ਨਾਲ 9-1-1 ਨੂੰ ਫੋਨ ਕਰ ਦਿੰਦੇ ਹੋ, ਤਾਂ ਕਿਰਪਾ ਕਰਕੇ ਲਾਈਨ 'ਤੇ ਰਹੋ** ਅਤੇ ਐਮਰਜੈਂਸੀ ਕਮਿਊਨੀਕੇਸ਼ਨਜ਼ ਅਫਸਰ ਨੂੰ ਦੱਸੋ ਕਿ ਤੁਸੀਂ ਗਲਤੀ ਨਾਲ ਫੋਨ ਕਰ ਦਿੱਤਾ ਹੈ। ਜੇਕਰ ਤੁਸੀਂ ਫੋਨ ਕੱਟ ਦਿੰਦੇ ਹੋ, ਤਾਂ ਸਾਨੂੰ ਤੁਹਾਨੂੰ ਵਾਪਸ ਕਾਲ ਕਰਨਾ ਪਵੇਗਾ ਅਤੇ ਇਸ ਨਾਲ ਕਿਸੇ ਅਜਿਹੇ ਵਿਅਕਤੀ ਲਈ ਲਾਈਨ ਵਿਅਸਤ ਹੋ ਸਕਦੀ ਹੈ ਜਿਸਨੂੰ ਸੱਚਮੁੱਚ ਉਸਦੀ ਲੋੜ ਹੈ।

# ਗੈਰ-ਐਮਰਜੈਂਸੀ ਕਾਲਾਂ

9-1-1 ਉਨ੍ਹਾਂ ਪੁਲਿਸ, ਫਾਇਰ, ਜਾਂ ਮੈਡੀਕਲ ਐਮਰਜੈਂਸੀਆਂ ਲਈ ਹੈ ਜਿਨ੍ਹਾਂ ਲਈ ਫੌਰੀ ਸਹਾਇਤਾ ਦੀ ਲੋੜ ਹੁੰਦੀ ਹੈ। **ਜੇਕਰ ਤੁਹਾਨੂੰ ਮਦਦ ਦੀ ਲੋੜ ਹੈ, ਪਰ ਕੋਈ ਐਮਰਜੈਂਸੀ ਨਹੀਂ ਹੈ, ਤਾਂ ਕਿਰਪਾ ਕਰਕੇ 9-1-1 'ਤੇ ਕਾਲ ਨਾ ਕਰੋ।** ਤੁਹਾਡੀ ਮਦਦ ਲਈ ਹੋਰ ਸਾਧਨ ਉਪਲਬਧ ਹਨ।

## ਪੁਲਿਸ ਗੈਰ-ਐਮਰਜੈਂਸੀ

ਗੈਰ-ਐਮਰਜੈਂਸੀ ਜਨਤਕ ਸੁਰੱਖਿਆ ਮਾਮਲਿਆਂ ਅਤੇ ਨਾ ਹੋ ਰਹੇ ਅਪਰਾਧਾਂ (ਜਿਵੇਂ ਕਿ ਗੁੰਮ ਜਾਂ ਚੋਰੀ ਹੋਈ ਸੰਪਤੀ, ਬਿਨਾਂ ਸੱਟ ਵਾਲੇ ਹਾਦਸਿਆਂ, ਤਾਲਾ ਤੋੜਕੇ ਅੰਦਰ ਦਾਖਲ ਹੋਣਾ, ਗ੍ਰੈਫਿਟੀ, ਧੋਖਾਧੜੀ, ਆਦਿ) ਦੇ ਲਈ, **ਪੁਲਿਸ ਦੀ ਗੈਰ-ਐਮਰਜੈਂਸੀ ਲਾਈਨ ਨੂੰ 403-266-1234 'ਤੇ ਕਾਲ ਕਰੋ। ਕੁਝ ਪੁਲਿਸ ਰਿਪੋਰਟਾਂ calgary.ca/cps 'ਤੇ ਔਨਲਾਈਨ ਵੀ ਦਰਜ ਕੀਤੀਆਂ ਜਾ ਸਕਦੀਆਂ ਹਨ।**

## ਗੈਰ-ਐਮਰਜੈਂਸੀ ਮੈਡੀਕਲ ਸਥਿਤੀਆਂ

**ਹੈਲਥਲਿੰਕ ਨੂੰ 811 'ਤੇ ਕਾਲ ਕਰੋ ਜਾਂ** ਸਿਹਤ ਸਲਾਹ ਜਾਂ ਜਾਣਕਾਰੀ ਲਈ **Myhealth.Alberta.ca 'ਤੇ ਜਾਓ।**

## ਭਾਈਚਾਰਕ ਸਹਾਇਤਾ ਅਤੇ ਸਾਧਨ

ਭਾਈਚਾਰੇ ਵਿੱਚ ਪ੍ਰੋਗਰਾਮਾਂ, ਸੇਵਾਵਾਂ ਅਤੇ ਸਾਧਨਾਂ (ਜਿਵੇਂ ਕਿ ਮਾਨਸਿਕ ਸਿਹਤ ਅਤੇ ਨਸ਼ਾ ਮੁਕਤੀ ਸਹਾਇਤਾ, ਭੋਜਨ ਅਤੇ ਮੁੱਢਲੀਆਂ ਜ਼ਰੂਰਤਾਂ, ਸਮਾਜਿਕ ਸਾਧਨਾਂ ਤੱਕ ਪਹੁੰਚ, ਆਦਿ) ਨਾਲ ਜੁੜਨ ਲਈ **211 'ਤੇ ਕਾਲ ਜਾਂ ਟੈਕਸਟ ਕਰੋ ਜਾਂ ab.211.ca 'ਤੇ ਜਾਓ।**

## ਸਿਟੀ ਸੇਵਾਵਾਂ ਅਤੇ ਉਪਨਿਯਮ

ਸਿਟੀ ਦੀਆਂ ਸੇਵਾਵਾਂ ਅਤੇ ਉਪਨਿਯਮਾਂ ਬਾਰੇ ਜਾਣਕਾਰੀ ਲਈ **311 'ਤੇ ਕਾਲ ਕਰੋ ਜਾਂ calgary.ca/311 'ਤੇ ਜਾਓ।**

## ਫਾਇਰ ਗੈਰ-ਐਮਰਜੈਂਸੀ

ਗੈਰ-ਐਮਰਜੈਂਸੀ ਫਾਇਰ ਜਾਣਕਾਰੀ ਲਈ **311 'ਤੇ ਕਾਲ ਕਰੋ ਜਾਂ calgary.ca/fire 'ਤੇ ਜਾਓ।**

# 9-1-1 'ਤੇ ਕਾਲ ਕਰਨ ਲਈ ਸੁਝਾਅ

- **ਜਦੋਂ ਤੁਸੀਂ 9-1-1 'ਤੇ ਕਾਲ ਕਰਦੇ ਹੋ, ਤਾਂ ਐਮਰਜੈਂਸੀ ਕਮਿਊਨੀਕੇਸ਼ਨਜ਼ ਅਫਸਰ ਤੁਹਾਨੂੰ ਐਮਰਜੈਂਸੀ ਬਾਰੇ ਵੇਰਵੇ ਪੁੱਛੇਗਾ।** ਇਹ ਉਹਨਾਂ ਨੂੰ ਜਿੰਨੀ ਜਲਦੀ ਹੋ ਸਕੇ ਸਹੀ ਐਮਰਜੈਂਸੀ ਸੇਵਾਵਾਂ ਨੂੰ ਘਟਨਾ ਵਾਲੀ ਜਗ੍ਹਾ 'ਤੇ ਭੇਜਣ ਵਿੱਚ ਮਦਦ ਕਰੇਗਾ।
- **ਜੇਕਰ ਤੁਸੀਂ ਪਤੇ ਬਾਰੇ ਨਿਸ਼ਚਿਤ ਨਹੀਂ ਹੋ, ਜਾਂ ਤੁਸੀਂ ਬਾਹਰ ਹੋ, ਤਾਂ ਨੇੜਲੇ ਚੌਰਾਹਿਆਂ, ਇਮਾਰਤਾਂ ਦੇ ਨਾਮਾਂ, ਕਾਰੋਬਾਰਾਂ, ਜਾਂ ਲੈਂਡਮਾਰਕਾਂ ਵਲ ਧਿਆਨ ਦਿਓ, ਜੋ ਤੁਹਾਨੂੰ ਲੱਭਣ ਵਿੱਚ ਫਸਟ ਰਿਸਪਾਂਡਰਾਂ ਦੀ ਮਦਦ ਕਰ ਸਕਦੇ ਹਨ।**
- **ਸ਼ਾਂਤ ਰਹਿਣ, ਸਾਫ਼-ਸਾਫ਼ ਬੋਲਣ ਅਤੇ ਹਦਾਇਤਾਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰੋ।**
- ਯਾਦ ਰੱਖੋ ਕਿ ਜਦੋਂ ਐਮਰਜੈਂਸੀ ਕਮਿਊਨੀਕੇਸ਼ਨਜ਼ ਅਫਸਰ ਸਵਾਲ ਪੁੱਛ ਰਿਹਾ ਹੁੰਦਾ ਹੈ, ਤਾਂ ਉਹ ਉਨ੍ਹਾਂ **ਆਉਣ ਵਾਲੇ ਫਸਟ ਰਿਸਪਾਂਡਰਾਂ ਨੂੰ ਜਾਣਕਾਰੀ ਪ੍ਰਦਾਨ ਕਰ ਰਹੇ ਹੁੰਦੇ ਹਨ** ਜੋ ਰਸਤੇ ਵਿੱਚ ਹਨ।
- ਐਮਰਜੈਂਸੀ ਕਮਿਊਨੀਕੇਸ਼ਨਜ਼ ਅਫਸਰ ਨਾਲ **ਕਿਰਪਾ ਕਰਕੇ ਲਾਇਨ ਤੇ ਬਣੇ ਰਹੋ** ਜਦੋਂ ਤੱਕ ਉਹ ਤੁਹਾਨੂੰ ਫੋਨ ਕੱਟਣ ਲਈ ਨਾ ਕਹਿਣ।

**ਜੇਕਰ ਤੁਸੀਂ ਨਿਸ਼ਚਿਤ ਨਹੀਂ ਹੋ ਕਿ ਤੁਹਾਡੀ ਸਥਿਤੀ ਐਮਰਜੈਂਸੀ ਹੈ ਜਾਂ ਨਹੀਂ, ਤਾਂ 9-1-1 'ਤੇ ਕਾਲ ਕਰੋ।** ਸੁਰੱਖਿਅਤ ਰਹਿਣਾ ਅਤੇ ਐਮਰਜੈਂਸੀ ਕਮਿਊਨੀਕੇਸ਼ਨਜ਼ ਅਫਸਰ ਨੂੰ ਇਹ ਨਿਰਧਾਰਤ ਕਰਨ ਦੇਣਾ ਬਿਹਤਰ ਹੈ ਕੀ ਤੁਹਾਨੂੰ ਐਮਰਜੈਂਸੀ ਸਹਾਇਤਾ ਦੀ ਲੋੜ ਹੈ ਜਾਂ ਨਹੀਂ।




ਹੋਰ ਜਾਣਕਾਰੀ ਲਈ, **calgary.ca/911** 'ਤੇ ਜਾਓ।

24-0036814 CRV-32289